# ਮਸ਼ਹੂਰ ਸ਼ਹੀਦਾਂ ਬਾਰੇ ਦਾਅਵਿਆਂ ਦੀ ਪਿਰਤ

ਮਲਵਿੰਦਰ ਜੀਤ ਸਿੰਘ ਵੜੈਚ

ਆਏ ਦਿਨ ਨਾਮੀ ਸ਼ਹੀਦਾਂ ਬਾਰੇ ਤਰ੍ਹਾਂ-ਤਰ੍ਹਾਂ ਦੇ ਦਾਅਵਿਆਂ ਸੰਬੰਧੀ ਮੈਨੂੰ ਟੈਲੀਫੋਨ ਆਉਂਦੇ ਰਹਿੰਦੇ ਹਨ, ਇਸ ਲਈ ਇਹ ਸਤਰਾਂ ਲਿਖਣ ਦੀ ਖੁਲ੍ਹ ਲੈ ਰਿਹਾਂ:

ਕੁੱਝ ਦਾਅਵੇ ਕਿਸੇ ਖਾਸ ਟਿਕਾਣੇ ਬਾਰੇ ਹੁੰਦੇ ਹਨ, ਜਿਵੇਂ ਅੰਮ੍ਰਿਤਸਰ ’ਚ ਇੱਕ ਇਮਾਰਤ ਬਾਰ ਕਿ 17 ਦਸੰਬਰ 1928 ਨੂੰ ਸਾਂਡਰਸ ਦੇ ਕਤਲ ਪਿੱਛੋਂ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਸੁਖਦੇਵ ਨੇ ਰਾਤ ਉਥੇ ਕਿਆਮ ਕੀਤਾ ਸੀ—ਜਿਸਨੂੰ ਉਪਲਬਦ ਟਕਸਾਲੀ ਸਬੂਤ ਨਿਰਮੂਲ ਦਰਸਾਉਂਦੇ ਹਨ; ਵਿਡੰਬਣਾ ਵਾਲੀ ਗੱਲ ਇਹ ਹੈ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਅੰਮ੍ਰਿਤਸਰ ਵਿੱਚ ਹੀ ਸਥਿਤ ਅਸਲ ਟਿਕਾਣਿਆਂ ਦੇ ਭਰੋਸੋਯੋਗ ਵੇਰਵੇ ਮੌਜੂਦ ਹਨ, ਜਿਨ੍ਹਾਂ ਨੂੰ ਅੱਜ ਤੱਕ ਕੋਈ ਵੀ ਗੌਲਣ ਨੂੰ ਤਿਆਰ ਨਹੀਂ।

ਇਸੇ ਤਰ੍ਹਾਂ ਹੀ ਚੰਡੀਗੜ੍ਹ ਨੇੜਲੇ ਮੁਬਾਰਕਪੁਰ ਸਥਿਤ ਸਰਕਾਰੀ ਟਿਕਾਣੇ ਬਾਰੇ ਪਰਚਾਰਿਆ ਜਾ ਰਿਹੈ ਕਿ ਇੱਕ ਵਾਰੀ ਜਦੋਂ ਸ਼ਹੀਦ ਭਗਤ ਸਿੰਘ ਨੂੰ ਸ਼ਿਮਲੇ ਲਿਜਾਇਆ ਗਿਆ ਸੀ, ਉਦੋਂ ਇੱਕ ਰਾਤ ਉਹਨਾਂ ਨੂੰ ਇੱਥੇ ਰੱਖਿਆ ਗਿਆ ਸੀ — ਇਸ ਧਾਰਨਾ ਦਾ ਨਾ ਕੋਈ ਸਿਰ ਹੈ ਨਾ ਪੈਰ, ਪਰ ਸੰਬੰਧਤ ਧਿਰਾ ਹਰ ਸਾਲ 23 ਮਾਰਚ ਨੂੰ ਉਥੇ ਉਹਨਾਂ ਦੀ ਉਸ ਫੇਰੀ ਨੂੰ ‘ਸਮਰਪਤ’ ਸਮਾਗਮ ਕਰਦੇ ਹਨ।

ਟਿਕਾਣਿਆਂ ਤੋਂ ਇਲਾਵਾ ਦੂਜੀ ਤਰ੍ਹਾਂ ਦੇ ਦਾਅਵੇ ਹਨ ਕਿ ਫਲਾਣੇ ਵਿਅਕਤੀ ਨੇ ਫਲਾਣੇ ਸ਼ਹੀਦ ਵਿਰੁੱਧ ਗਵਾਹੀ ਦਿੱਤੀ ਸੀ। ਇਸ ਧਾਰਨਾ ਤਹਿਤ 1969-71 ਨਕਸਲੀ ਲਹਿਰ ਦੌਰਾਨ ਜ਼ਿਲ੍ਹਾ ਗੁਰਦੁਆਸਪੁਰ ਦੇ ਪਿੰਡ ਭਾਗੋਵਾਲ ਦੇ ਦੁਰਗਾ ਦਾਸ ਨੂੰ ਅਤੇ ਜ਼ਿਲ੍ਹਾ ਫਿਰੋਜ਼ਪੁਰ (ਹੁਨ ਮੋਗਾ) ਦੇ ਪਿੰਡ ਕੋਕਰੀ ਕਲਾਂ ਦੇ ਸਰਪੰਚ ਦੋਹਾਂ ਨੂੰ ਏਸੇ ਆਧਾਰ ਤੇ ‘ਸੋਧ’ ਦਿੱਤਾ ਗਿਆ ਸੀ — ਬੇ-ਬੁਨਿਆਦ।

ਹੋਰ ਤਾਂ ਹੋਰ ਇੱਕ ਕੌਮੀ ਪ੍ਰਸਿੱਧੀ ਵਾਲੇ ਪੱਤਰਕਾਰ ਨੇ ਚੀਫ ਜਸਟਿਸ ਸਾਦੀ ਲਾਲ ਅਤੇ ਪ੍ਰਸਿੱਧ ਸਨਅਤਕਾਰ ਜਾਨਕੀ ਦਾਸ ਤੇ ਇਹੋ ਦੋਸ਼ ਮੜ੍ਹੇ ਹੋਏ ਹਨ ਤੇ ਜਿਨ੍ਹਾਂ ਨੂੰ ਸ਼ਹੀਦ ਸੁਖਦੇਵ ਦੇ ਇੱਕ ਵਾਰਿਸ ਨੇ ‘ਫੇਸਬੁਕ’ ਤੇ ਨਸਰ ਕੀਤਾ ਹੋਇਆ ਸੀ — ਬੇ-ਬੁਨਿਆਦ। ਇਸ ਤਰ੍ਹਾਂ ਕਈ ਕਹਿਦ-ਕਹਾਉਂਦੇ ਵਿਅਕਤੀਆਂ ਦੇ ਵੱਡੇਰਿਆਂ ਤੇ ਕਿਸੇ ਸ਼ਹੀਦ ਵਿਰੁੱਧ ਗਵਾਹੀ ਦੇਣ ਦੀ ਊਜਾਂ ਲਗਦੀਆਂ ਰਹਿੰਦੀਆਂ ਹਨ, ਜ਼ਿਆਦਾ ਤਰ ਨਿਰਮੂਲ।

ਮੈਂ ਇਹਨੀ ਦਿਨੀਂ ਸ਼ਹੀਦ ਸਰਾਭੇ ਦੀ ਜੀਵਨੀ ਤਿਆਰ ਕਰਨ ਖਾਤਰ ਉਹਨਾਂ ’ਤੇ ਚਲਾਏ ਗਏ ਮੁਕਦਮੇ ਦੀ ਕਾਰਵਾਈ, ਜੋ ਮੂਲ ਰੂਪ ਵਿੱਚ ਗਵਾਹਾਂ ਦੇ ਬਿਆਨ ਪਰਸਤੁਤ ਕਰਦੀ ਹੈ, ਦੀ ਪੁਣ-ਛਾਣ ਕਰ ਰਿਹਾ ਹਾਂ। ਹੁੰਨ ਸਰਾਭੇ ਪਿੰਡ ਦੇ ਇੱਕ ਨੰਬਰਦਾਰ ਦੇ ਸ਼ਹੀਦ ਵਿਰੁੱਧ ਗਵਾਹੀ ਦੇਣ ਦੇ ਇਵਜ਼ ਵਿੱਚ ਇੱਕ ਮੁਰੱਬਾ ਜ਼ਮੀਨ ਹਾਸਲ ਕਰਨ ਨੂੰ ਲੈ ਕੇ ਸ਼ਹੀਦ ਦੀ ਹਰ ਬਰਸੀ ਮੌਕੇ, ਓਕਤ ਨੰਬਰਦਾਰ ਦੇ ਘਰ ਮੂਹਰੇ ਪਿਟ-ਸਿਆਪਾ ਕੀਤਾ ਜਾਂਦਾ ਰਿਹੈ — ਦਰਅਸਲ ਸਰਕਾਰ ਹਰੇਕ ਇਨਕਲਾਬੀ ਤੇ ਨਜ਼ਰ ਰੱਖਣ ਦੀ ਜ਼ਿਮੇਵਾਰੀ ਪਿੰਡ ਦੇ ਨੰਬਰਦਾਰ ਨੂੰ ਸੌਂਪਦੀ ਸੀ, ਜਿਸ ਲਈ ਉਹਨੂੰ ਅਦਾਲਤ ਵਿੱਚ ਲਾਜ਼ਮੀ ਪੇਸ਼ ਹੋਣਾ ਪੈਂਦਾ ਸੀ। ਹੁੰਨ ਸਰਾਭੇ ਪਿੰਡ ਦਾ ਜੋ ਨੰਬਰਦਾਰ ਪੇਸ਼ ਹੋਇਆ ਸੀ, ਉਹ ਕੋਈ ਹੋਰ ਹੀ ਸੀ। ਅਦਾਲਤੀ ਰਿਕਾਰਡ ਅਨੁਸਾਰ ਇਸ ਮੁੱਦੇ ਤੇ ਸ਼ਾਮ ਸਿੰਘ ਵਲਦ ਸੁੱਚਾ ਸਿੰਘ ਬਤੌਰ ਗਵਾਹ ਨੰਬਰ 75 ਦੇ 19 ਮਈ 1915 ਨੂੰ ਭੁਗਤਿਆ ਸੀ ਤੇ ਉਸਨੇ ਤਾਂ ਇੱਕ ਤਰ੍ਹਾਂ ਨਾਲ ਸਰਾਭੇ ਦੀ ਸਫ਼ਾਈ ਹੀ ਦਿੱਤੀ ਹੋਈ ਹੈ।

ਸਵਾਲਾਂ ਦਾ ਸਵਾਲ ਇਹ ਹੈ ਕਿ ਅਜੇਹੇ ਦਾਅਵੇ ਕੇਵਲ ਪ੍ਰਸਿੱਧ ਸ਼ਹੀਦਾਂ ਬਾਰੇ ਹੀ ਕਿਉਂ ਕੀਤੇ ਹਨ, ਦੂਜਿਆਂ ਬਾਰੇ ਨਹੀਂ ਕਿ ਫਲਾਣਾ ਸ਼ਹੀਦ ਫਲਾਣੀ ਥਾਂ ਆਇਆ ਸੀ, ਜਾਂ ਅਸੀਂ ਉਹਦੀ ਟਹਿਲ ਸੇਵਾ ਕੀਤੀ ਸੀ?

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੁਲਾ 134109

ਈਮੇਲ: mjswaraich29@gmail.com

ਫੋਨ: 0172-2556314

---